# *Glimpses of Extra-curricular Activities in YDoS*

*Motivational lecture by Olympian S. Swaran Singh on "being a winner" on 21 Nov 2021. The Asian games rowing gold medallist encouraged the students to be focused towards their goal & emphasised on role of discipline & sports in shaping ones career.*









a Bani ਬਠਿੰਡਾ ਬਾਣੀ

ਯਾਦਵਿੰਦਰਾ ਸਾਇੰਸਿਜ਼ ਵਿਭਾਗ ਵੱਲੋਂ ਓਲੰਪੀਅਨ ਸਵਰਨ ਸਿੰਘ ਦੇ ਪ੍ਰੇਰਨਾਮਈ ਜੀਵਨ 'ਤੇ ਸੈਮੀਨਾਰ ਕਰਵਾਇਆ

ਯਾਦਵਿੰਦਰ ਕਾਲਜ ਵਿਖੇ ਮਹਿਮਾਨ ਦਾ ਸਨਮਾਨ ਕਰਦੇ ਪ੍ਰਬੰਧਕ।

ਜਗ ਬਾਣੀ ਈ-ਪੇਪਰ Mon,22 November 2021
Edition: bathinda bani, Page no. 2



Daily Punjab Times Ep...
epaper.dailypunjabtimes.com

ਪੰਜਾਬ ਟਾਇਮਜ਼
Leading Punjabi daily newspaper

ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਓਲੰਪੀਅਨ ਸਵਰਨ ਸਿੰਘ ਦੇ ਪ੍ਰੇਰਨਾਮਈ ਜੀਵਨ 'ਤੇ ਸੈਮੀਨਾਰ

**Debate and Rangoli Competition (10th Dec 2021): Conducive environment to reinforce students for critical thinking and dreaming big.**









ਜੇਤੂ ਵਿਦਿਆਰਥੀਆਂ ਨੂੰ ਸਨਮਾਨਿਤ ਕਰਦੇ ਹੋਏ ਪ੍ਰਬੰਧਕ। ਅਜੀਤ ਤਸਵੀਰ

## ਯਾਦਵਿੰਦਰਾ ਸਾਇੰਸਜ਼ ਵਿਭਾਗ ਵਿਖੇ ਵਾਦ-ਵਿਵਾਦ ਅਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ

ਤਲਵੰਡੀ ਸਾਬੋ, 10 ਦਸੰਬਰ (ਰਵਜੋਤ ਸਿੰਘ ਰਾਹੀ)-ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ, ਦਮਦਮਾ ਸਾਹਿਬ ਦੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵਲੋਂ ਵਿਦਿਆਰਥੀਆਂ ਦੇ ਵਾਦ-ਵਿਵਾਦ ਅਤੇ ਰੰਗੋਲੀ ਬਣਾਉਣ ਦੇ ਮੁਕਾਬਲੇ ਕਰਵਾਏ ਗਏ। ਇਸ ਤਹਿਤ ਆਨਲਾਈਨ-ਆਫਲਾਈਨ ਟੀਚਿੰਗ, ਮੋਬਾਈਲ ਦੇ ਪ੍ਰਭਾਵ ਵਿਸ਼ਿਆਂ 'ਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ਼ ਕੀਤੇ ਅਤੇ ਰੰਗਾਂ ਦੇ ਸੁਮੇਲ ਦਾ ਪ੍ਰਦਰਸ਼ਨ ਰੰਗੋਲੀ ਦੇ ਰੂਪ ਵਿਚ ਪੇਸ਼ਕਾਰੀ ਕਰਕੇ ਕੀਤਾ। ਵਾਦ-ਵਿਵਾਦ ਪ੍ਰਤੀਯੋਗਤਾ ਲਈ ਬਿਜ਼ਨਸ ਸਟੱਡੀ ਵਿਭਾਗ ਦੇ ਮੁਖੀ ਡਾ. ਆਨੰਦ ਬਾਂਸਲ ਤੇ ਗੁਰੂ ਕਾਸ਼ੀ ਸੋਸ਼ਲ ਸਾਇੰਸ ਵਿਭਾਗ ਤੋਂ ਡਾ. ਬਲਦੇਵ ਸਿੰਘ ਅਤੇ ਰੰਗੋਲੀ ਮੁਕਾਬਲਿਆਂ ਲਈ ਡਾ. ਸਿੰਪਲ ਜਿੰਦਲ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ, ਡਾ. ਨਰਿੰਦਰ ਕੌਰ ਅਤੇ ਡਾ. ਅਮਨਦੀਪ ਕੌਰ ਬਿਜ਼ਨਸ ਸਟੱਡੀਜ਼ ਵਿਭਾਗ ਨੇ ਜੱਜਮੈਂਟ ਕੀਤੀ। ਜੇਤੂ ਵਿਦਿਆਰਥੀਆਂ ਨੂੰ ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਤੇ ਬਾਕੀ ਅਧਿਕਾਰੀਆਂ ਨੇ ਸਨਮਾਨਿਤ ਕੀਤਾ। ਕੈਂਪਸ ਡਾਇਰੈਕਟਰ ਡਾ. ਹੁੰਦਲ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਅਜਿਹੀਆਂ ਰਚਨਾਤਮਕ ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਆ ਅਤੇ ਵਿਭਾਗ ਦੇ ਮੁਖੀ ਡਾ. ਅੰਜੂ ਸੈਣੀ ਨੂੰ ਇਸ ਸਫਲ ਆਯੋਜਨ ਲਈ ਵਧਾਈ ਦਿੱਤੀ। ਅਖੀਰ ਵਿਚ ਡਾ. ਅੰਜੂ ਸੈਣੀ ਨੇ ਕੈਂਪਸ ਡਾਇਰੈਕਟਰ ਤੇ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਦੀ ਭੂਮਿਕਾ ਡਾ. ਬਲਜਿੰਦਰ ਕੌਰ ਨੇ ਨਿਭਾਈ। ਇਸ ਮੌਕੇ ਡਾ. ਸਵਿਤਾ ਰਾਣੀ, ਡਾ. ਸ਼ਰੂਤੀ, ਸਾਰਿਕਾ, ਡਾ. ਸੁਸ਼ੀਲ ਕੁਮਾਰ, ਡਾ. ਪ੍ਰੀਤੀ ਬਾਂਸਲ, ਡਾ. ਦਿਵਿਆ, ਅਨੂ ਬਾਲਾ, ਮੀਨਾਕਸ਼ੀ ਸਿੰਗਲਾ, ਡਾ. ਜਸਮੇਲ ਕੌਰ, ਸਿਕੰਦਰ ਅਤੇ ਰਵੀ ਸਿੰਘ ਮੌਜੂਦ ਸਨ।

ਅਜੀਤ ®© 11-Dec-2021
Page: 10
http://epaper.ajitjalandhar.com/edition/20211211/16/10.cms

## ਯਾਦਵਿੰਦਰਾ ਸਾਇੰਸਜ ਵਿਭਾਗ ਨੇ ਕਰਵਾਈ ਵਾਦ-ਵਿਵਾਦ ਅਤੇ ਰੰਗੋਲੀ ਪ੍ਰਤੀਯੋਗਤਾ



ਤਲਵੰਡੀ ਸਾਬੋ 10 ਦਸੰਬਰ (ਰਾਮ ਰੇਸ਼ਮ ਸ਼ਰਨ)- ਪੰਜਾਬੀ ਯੂਨੀਵਰਸਿਟੀ ਗੁਰੂ ਕਾਸੀ ਕੈਂਪਸ, ਦਮਦਮਾ ਸਾਹਿਬ (ਤਲਵੰਡੀ ਸਾਬੋ) ਦੇ ਯਾਦਵਿੰਦਰਾ ਸਾਇੰਸਜ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਵਾਦ-ਵਿਵਾਦ ਅਤੇ ਰੰਗੋਲੀ ਪ੍ਰਤੀਯੋਗਤਾ ਆਯੋਜਿਤ ਕੀਤੀ ਗਈ। ਇਸ ਤਹਿਤ ਆਨਲਾਈਨ-ਆਫਲਾਈਨ ਟੀਚਿੰਗ, ਮੋਬਾਇਲ ਦੇ ਪ੍ਰਭਾਵ ਵਿਸਿਆਂ ਤੇ ਵਿਦਿਆਰਥੀਆਂ ਨੇ ਆਪਣੇ ਵਿਚਾਰ ਪੇਸ ਕੀਤੇ ਅਤੇ ਰੰਗਾਂ ਦੇ ਸੁਮੇਲ ਦਾ ਪ੍ਰਦਰਸਨ ਰੰਗੋਲੀ ਦੇ ਰੂਪ ਵਿੱਚ ਪੇਸਕਾਰੀ ਕਰਕੇ ਕੀਤਾ। ਵਾਦ-ਵਿਵਾਦ ਪ੍ਰਤੀਯੋਗਤਾ ਲਈ ਬਿਜਨਸ ਸਟੱਡੀ ਵਿਭਾਗ ਦੇ ਮੁਖੀ ਡਾ. ਆਨੰਦ ਬਾਂਸਲ ਅਤੇ ਗੁਰੂ ਕਾਸੀ ਸੋਸਲ ਸਾਇੰਸ ਵਿਭਾਗ ਤੋਂ ਡਾ. ਬਲਦੇਵ ਸਿੰਘ ਨੇ ਵਿਸੇਸ ਤੌਰ ਤੇ ਨਿਰਨਾਇਕ ਦੀ ਭੂਮਿਕਾ ਨਿਭਾਈ। ਰੰਗੋਲੀ ਪ੍ਰਤੀਯੋਗਤਾ ਲਈ ਡਾ. ਸਿੰਪਲ ਜਿੰਦਲ (ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ) ਡਾ. ਨਰਿੰਦਰ ਕੌਰ ਅਤੇ ਡਾ. ਅਮਨਦੀਪ ਕੌਰ (ਬਿਜਨਸ ਸਟੱਡੀਜ ਵਿਭਾਗ) ਨੇ ਵਿਦਿਆਰਥੀਆਂ ਦੇ ਹੁਨਰ ਨੂੰ ਪਰਖਿਆ। ਕੈਂਪਸ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਇਸ ਮੌਕੇ ਵਿਦਿਆਰਥੀਆਂ ਦੀ ਹੌਸਲਾ ਅਫਜਾਈ ਕਰਨ ਲਈ ਵਿਸੇਸ ਤੌਰ ਤੇ ਸਿਰਕਤ ਕੀਤੀ। ਡਾ. ਹੁੰਦਲ ਅਤੇ ਹੋਰ ਜੱਜ ਸਾਹਿਬਨਾਂ ਨੇ ਜੇਤੂ ਵਿਦਿਆਰਥੀਆਂ ਨੂੰ ਇਨਾਮ ਵੰਡੇ। ਕੈਂਪਸ ਡਾਇਰੈਕਟਰ ਡਾ. ਹੁੰਦਲ ਨੇ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ ਅਜਿਹੀਆਂ ਰਚਨਾਤਮਕ ਗਤੀਵਿਧੀਆਂ ਵਿੱਚ ਭਾਗ ਲੈਣ ਲਈ ਪ੍ਰੇਰਿਆ ਅਤੇ ਵਿਭਾਗ ਦੇ ਮੁਖੀ ਡਾ. ਅੰਜੂ ਸੈਣੀ ਨੂੰ ਸਫਲ ਆਯੋਜਨ ਲਈ ਵਧਾਈ ਦਿੱਤੀ ਅੰਤ ਵਿੱਚ ਡਾ. ਅੰਜੂ ਸੈਣੀ ਨੇ ਕੈਂਪਸ ਡਾਇਰੈਕਟਰ ਅਤੇ ਆਏ ਮੁਖ ਮਹਿਮਾਨਾਂ ਦਾ ਧੰਨਵਾਦ ਕੀਤਾ। ਡਾ. ਸਵਿਤਾ ਰਾਣੀ, ਡਾ. ਸਰੂਤੀ, ਮੈਡਮ ਸਾਰਿਕਾ ਨੂੰ ਸਾਰੀ ਪ੍ਰਤੀਯੋਗਤਾ ਸੁਚੱਜੇ ਢੰਗ ਨਾਲ ਨੇਪਰੇ ਚੜਾਉਣ ਲਈ ਵੀ ਧੰਨਵਾਦ ਕੀਤਾ। ਇਸ ਮੌਕੇ ਤੇ ਡਾ. ਸੁਸੀਲ ਕੁਮਾਰ, ਡਾ. ਪ੍ਰੀਤੀ ਬਾਂਸਲ, ਡਾ. ਦਿਵਿਆ, ਅਨੂ ਬਾਲਾ, ਮੀਨਾਕਸੀ ਸਿੰਗਲਾ, ਡਾ. ਜਸਮੇਲ ਕੌਰ, ਸਿੰਕਦਰ ਅਤੇ ਰਵੀ ਸਿੰਘ ਮੌਜੂਦ ਸਨ। ਮੰਚ ਸੰਚਾਲਨ ਦੀ ਭੂਮਿਕਾ ਡਾ. ਬਲਜਿੰਦਰ ਕੌਰ ਨੇ ਬਖੂਬੀ ਨਿਭਾਈ।

## *Fresher's Party (23rd Dec 2021): Seniors welcoming juniors*












### ਯਾਦਵਿੰਦਰਾ ਸਾਇੰਸਿਜ਼ ਵਿਭਾਗ ਵੱਲੋਂ ਵਿਦਿਆਰਥੀਆਂ ਲਈ ਫਰੈਸ਼ਰ ਪਾਰਟੀ ਦਾ ਆਯੋਜਨ

ਸਮਾਗਮ ਦੌਰਾਨ ਮੁੱਖ ਮਹਿਮਾਨ ਅਤੇ ਵਿਦਿਆਰਥੀ। (ਮੁਨੀਸ਼)

ਤਲਵੰਡੀ ਸਾਬੋ, 27 ਦਸੰਬਰ (ਮੁਨੀਸ਼)-ਪੰਜਾਬ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਯਾਦਵਿੰਦਰਾ ਸਾਇੰਸਿਜ਼ ਵਿਭਾਗ ਵੱਲੋਂ ਆਪਣੇ ਬੀ. ਐੱਸ. ਸੀ. ਪਹਿਲੇ ਸਾਲ ਦੇ ਵਿਦਿਆਰਥੀਆਂ ਨੂੰ ਜੀ-ਆਇਆਂ ਕਹਿਣ ਵਾਸਤੇ ਫਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਪਾਰਟੀ ਵਿਚ ਪਹੁੰਚਣ 'ਤੇ ਯਾਦਵਿੰਦਰਾ ਸਾਇੰਸਿਜ਼ ਵਿਭਾਗ ਦੇ ਮੁਖੀ ਡਾ. ਅੰਜੂ ਸੇਠੀ ਨੇ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਦਾ ਸਵਾਗਤ ਕੀਤਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਕੈਂਪਸ ਦੇ ਵੱਖ-ਵੱਖ ਵਿਭਾਗਾਂ ਦੇ ਮੁਖੀ ਡਾ. ਬਲਵੰਤ ਸਿੰਘ, ਡਾ. ਸੁਸ਼ੀਲ ਕੁਮਾਰ, ਡਾ. ਹਜ਼ੂਰ ਸਿੰਘ (ਸਾਬਕਾ ਮੁਖੀ) ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਫੰਕਸ਼ਨ ਕਨਵੀਨਰ ਡਾ. ਸਵੀਤਾ ਰਾਣੀ, ਕੋ-ਕਨਵੀਨਰ ਡਾ. ਸ਼ਰੂਤੀ ਅਤੇ ਸਾਰਿਕਾ ਮਿੱਤਲ ਨੇ ਇਸ ਪ੍ਰੋਗਰਾਮ ਦੀ ਸਫਲਤਾ ਲਈ ਪੂਰੀ ਤਨਦੇਹੀ ਨਾਲ ਕੰਮ ਕੀਤਾ।

ਸਮਾਗਮ ਦੌਰਾਨ ਅਨਮੋਲ ਸਿੰਘ ਮਿਸਟਰ ਫਰੈਸ਼ਰ, ਹਰਮਨਜੋਤ ਕੌਰ ਮਿਸ ਫਰੈਸ਼ਰ, ਜਗਸੀਰ ਖਾਨ ਮਿਸਟਰ ਪ੍ਰਸਨੈਲਿਟੀ, ਅਰਸ਼ਦੀਪ ਕੌਰ ਮਿਸ ਚਾਰਮਿੰਗ, ਪ੍ਰਭਜਿੰਦਰ ਸਿੰਘ ਮਿਸਟਰ ਵੈੱਲ-ਡਰੈੱਸਡ ਅਤੇ ਕਰਮਵੀਰ ਕੌਰ ਮਿਸ ਵੈੱਲ-ਡਰੈੱਸਡ ਚੁਣੇ ਗਏ। ਜੱਜਮੈਂਟ ਦੀ ਡਿਊਟੀ ਡਾ. ਸ਼ਸ਼ੀਕਲਾ, ਡਾ. ਸੁਨੀਤਾ, ਡਾ. ਗਗਨਦੀਪ ਸ਼ਰਮਾ ਤੇ ਮੈਡਮ ਸੰਤੋਸ਼ ਸ਼ਰਮਾ ਨੇ ਨਿਭਾਈ। ਮੁੱਖ ਮਹਿਮਾਨ ਡਾ. ਜਸਬੀਰ ਸਿੰਘ ਹੁੰਦਲ ਵਿਦਿਆਰਥੀਆਂ ਦੀ ਪੇਸ਼ਕਾਰੀ ਤੋਂ ਬਹੁਤ ਪ੍ਰਭਾਵਿਤ ਹੋਏ ਅਤੇ ਉਨ੍ਹਾਂ ਨੇ ਵਿਦਿਆਰਥੀਆਂ ਨੂੰ ਅਕਾਦਮਿਕ ਗਤੀਵਿਧੀਆਂ ਦੇ ਨਾਲ-ਨਾਲ ਆਪਣੀ ਸ਼ਖ਼ਸੀਅਤ ਨੂੰ ਉਭਾਰਨ ਲਈ ਅਲੱਗ-2 ਗਤੀਵਿਧੀਆਂ ਵਿਚ ਭਾਗ ਲੈਣ ਲਈ ਪ੍ਰੇਰਿਤ ਕਰਦੇ ਹੋਏ ਆਖਿਆ ਕਿ ਇਸ ਕੈਂਪਸ ਵੱਲੋਂ ਇਨ੍ਹਾਂ ਗਤੀਵਿਧੀਆਂ ਨੂੰ ਚਲਾਉਣ ਲਈ ਹਰ ਤਰ੍ਹਾਂ ਦਾ ਉਪਰਾਲਾ ਕੀਤਾ ਜਾਵੇਗਾ। ਇਸ ਮੌਕੇ ਹੋਰਨਾਂ ਤੋਂ ਇਲਾਵਾ ਡਾ. ਪ੍ਰੀਤਿਬਾਂਸਲ, ਡਾ ਸੰਜੀਵ ਮਹਿਤਾ, ਡਾ. ਦਿਵਿਆ ਤਨੇਜਾ, ਡਾ. ਮਨਜੀਤ ਸਿੰਘ, ਮੈਡਮ ਅਨੂ ਬਾਲਾ, ਮੈਡਮ ਮਿਨਾਕਸ਼ੀ, ਡਾ. ਲਖਵੀਰ ਸਿੰਘ, ਡਾ. ਬਲਜਿੰਦਰ ਕੌਰ, ਡਾ. ਬਰੂਟ ਗਰਗ, ਜਤਿੰਦਰ ਕੌਰ, ਰਾਵਿੰਦਰ ਗਿੱਲ, ਰਵੀ ਸਿੰਘ, ਜਸਮੇਲ ਕੌਰ, ਰਾਜ ਕੁਪਿੰਦਰ ਕੌਰ, ਸੁਨੀਤਾ ਰਾਣੀ, ਰਣਧੀਰ ਸਿੰਘ, ਕਿਰਨਜੋਤ ਕੌਰ ਤੇ ਲਛਮਣ ਸਿੰਘ ਵੀ ਹਾਜ਼ਰ ਸਨ।



*Atheletic Meet( 24th-25th March 2022) : All work no play makes JACK a dull boy. To rejuvenate and break the monotony of sedentar y life style annual Atheletic meet is held annually*













*On Line Quizz Competitions (28th Feb 2022) : Tool for self-assessment of students appearing in competition in Malwa region.*












## साइंस क्विज में नवजोत कौर व अजय शर्मा पहले स्थान पर

संस, तलवंडी साबो: पंजाबी यूनिवर्सिटी गुरु काशी कैंपस, दमदमा साहिब के डायरेक्टर डा. जसबीर सिंह हुंदल की योग्य अगुआई में यादविंदरा साइंसेज विभाग की तरफ से साइंस क्विज प्रतियोगिता का आनलाइन आयोजन किया गया। बारहवीं कक्षा के 308 विद्यार्थियों ने रजिस्ट्रेशन करवाई, जिनमें चेतन सिंह सर्वहितकारी विद्या मंदिर, मानसा के विद्यार्थी नवजोत कौर और अंकुश कौर ने क्रमशः पहला और दूसरा स्थान हासिल किया, जबकि तीसरा स्थान अर्शदीप कौर ने प्राप्त किया। इसके अलावा नान मेडिकल में से अजय शर्मा ने पहला, सोनिया ने दूसरा और चितेश गर्ग ने हासिल किया। पहले,

नवजोत कौर व अजय शर्मा • विज्ञप्ति

दूसरे और तीसरे स्थान पर रहने वाले विद्यार्थियों को क्रमशः 1000, 500 और 300 रुपये का गिफ्ट वाउचर दिया गया। साइंस क्विज प्रतियोगिता में कोआर्डिनेटर के तौर डा. प्रिति बांसल, कन्वीनर की भूमिका डा. विद्या तनेजा और को-कन्वीनर की भूमिका डा. सविता रानी और सारिका मित्तल ने बाखूबी निभाई।

*Junior Science Star Competition (1st Marcch 2022):* ***An annual event to encourage and motivate economically deprived rural student to showchase their knowledge***












**ਅੱਜ ਦੀ ਆਵਾਜ਼**

## ਯਾਦਵਿੰਦਰਾ ਇੰਜਨੀਅਰਿੰਗ ਅਤੇ ਸਾਇੰਸ ਵਿਭਾਗ ਵੱਲੋਂ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਕਰਵਾਈ ਗਈ, ਸਾਇੰਸ ਮੇਲਾ ਵੀ ਲਗਾਇਆ

ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਦੇ ਜੇਤੂਆਂ ਨੂੰ ਇਨਾਮ ਵੰਡਦੇ ਹੋਏ ਉਪ ਕੁਲਪਤੀ ਪ੍ਰੋ. ਅਰਵਿੰਦ।

**ਤਲਵੰਡੀ ਸਾਬੋ • ਰਣਜੀਤ ਸਿੰਘ ਰਾਜੂ, ਜ਼ਿੰਦਲ**

ਪੰਜਾਬੀ ਯੂਨੀਵਰਸਿਟੀ ਅਧੀਨ ਚੱਲਦੇ ਸਥਾਨਕ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਦੀ ਅਗਵਾਈ ਹੇਠ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਅਤੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵੱਲੋਂ ਸਕੂਲੀ ਵਿਦਿਆਰਥੀਆਂ ਅੰਦਰ ਵਿਗਿਆਨ ਪ੍ਰਤੀ ਰੁਚੀ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੇ ਮੰਤਵ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੌਮੀ ਵਿਗਿਆਨ ਦਿਵਸ ਨੂੰ ਸਮਰਪਿਤ 'ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ' ਪ੍ਰਤੀਯੋਗਤਾ ਕਰਵਾਉਣ ਦੇ ਨਾਲ ਨਾਲ ਸਾਇੰਸ ਮੇਲਾ 2022 ਲਗਾਇਆ ਗਿਆ ਸਮਾਗਮ ਵਿੱਚ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ.ਅਰਵਿੰਦ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪਸ ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਿਕ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਲਈ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ ਕਲਾਸ ਵਿੱਚ ਪੜਦੇ 776 ਵਿਦਿਆਰਥੀਆਂ ਨੇ ਰਜਿਟ੍ਰੇਸ਼ਨ ਕਰਵਾਈ ਜਿਨ੍ਹਾਂ ਵਿੱਚੋਂ 617 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ। ਹਰਮਨਪ੍ਰੀਤ ਸਿੰਘ, ਸਰਕਾਰੀ ਸੀਨੀ:ਸੈਕੰ: ਸਕੂਲ ਬੱਲੂਆਣਾ ਨੇ ਪਹਿਲਾ ਸਥਾਨ ਹਾਸਿਲ ਕਰਕੇ 5100/- ਰੁਪਏ ਦੀ ਨਗਦ ਇਨਾਮੀ ਰਾਸ਼ੀ ਪ੍ਰਾਪਤ ਕੀਤੀ ਦੂਜੀ ਅਤੇ ਤੀਜਾ ਸਥਾਨ ਕ੍ਰਮਵਾਰ ਨਾਜ਼ੀਆ, ਸ.ਸ.ਸ.ਸ. ਬਾਜੇਵਾਲਾ ਅਤੇ ਖੁਸ਼ਮੀਤ ਸ.ਸ.ਸ.ਸ. ਜੋਧਪੁਰ ਰੋਮਾਣਾ ਨੇ ਪ੍ਰਾਪਤ ਕਰਦਿਆਂ ਕ੍ਰਮਵਾਰ 3100/- ਰੁਪਏ ਅਤੇ 2100/- ਰੁਪਏ ਦਾ ਨਗਦ ਇਨਾਮ ਹਾਸਿਲ ਕੀਤਾ। ਇਨ੍ਹਾਂ ਤੋਂ ਇਲਾਵਾ ਅਗਲੀਆਂ 17 ਪੁਜੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਨਗਦ ਇਨਾਮ ਦਿੱਤਾ ਗਿਆ ਸਾਇੰਸ ਮੇਲੇ ਵਿੱਚ ਲਗਭਗ 106 ਦੇ ਕਰੀਬ ਵਿਦਿਆਰਥੀਆਂ ਨੇ ਆਪਣੇ ਸਾਇੰਸ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ ਸਾਇੰਸ ਮੇਲੇ ਵਿੱਚ ਪਹਿਲਾ ਸਥਾਨ ਮਹਿਕਦੀਪ ਕੌਰ ਸ.ਹ.ਸ. ਖਿਆਲੀਵਾਲਾ, ਦੂਜਾ ਸਥਾਨ ਦੀਪ ਕੌਰ ਅਤੇ ਸਿਮਰਜੀਤ ਕੌਰ ਸ.ਸ.ਸ.ਸ. ਘੁੱਦਾ ਅਤੇ ਤੀਜਾ ਸਥਾਨ ਗਮਨਜੀਤ ਕੌਰ ਅਤੇ ਰਮਨਦੀਪ ਕੌਰ ਸ.ਹ.ਸ. ਜੱਜਲ ਨੇ ਹਾਸਿਲ ਕੀਤਾ ਜਿਨ੍ਹਾਂ ਨੂੰ ਕ੍ਰਮਵਾਰ 3100/-, 2100/- ਅਤੇ 1100/- ਰੁਪਏ ਦਾ ਇਨਾਮ ਦਿੱਤਾ ਗਿਆ ਇਨ੍ਹਾਂ ਸਮਾਗਮਾਂ ਦੇ ਇਨਾਮ ਵੰਡ ਸਮਾਰੋਹ ਵਿੱਚ ਮੁੱਖ ਮਹਿਮਾਨ ਵਜੋਂ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰੋ. ਅਰਵਿੰਦ ਅਤੇ ਜਿਲ੍ਹਾ ਸਿੱਖਿਆ ਅਫਸਰ ਮਾਨਸਾ ਸੰਜੀਵ ਕੁਮਾਰ ਸ਼ਾਮਲ ਹੋਏ ਪ੍ਰੋ.ਅਰਵਿੰਦ ਨੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਸਾਰੇ ਸਾਇੰਸ ਮੇਲੇ ਵਿੱਚ ਮਾਡਲਾਂ ਦੇ ਨਿਰਣਾਇਕ ਵਜੋਂ ਡਿਊਟੀ ਡਾ. ਨੇਹਾ ਜਿੰਦਲ ਅਤੇ ਡਾ. ਪਰਮਜੀਤ ਕੌਰ ਨੇ ਨਿਭਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮੁਖੀ ਡਿਸਟੈਂਸ ਐਜੂਕੇਸ਼ਨ ਵਿਭਾਗ ਡਾ. ਸਤਨਾਮ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।



## ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਤੇ ਸਾਇੰਸ ਮੇਲਾ ਲਗਾਇਆ

ਤਲਵੰਡੀ ਸਾਬੋ, 2 ਮਾਰਚ (ਰਣਜੀਤ ਸਿੰਘ ਰਾਜੂ)- ਪੰਜਾਬੀ ਯੂਨੀਵਰਸਿਟੀ ਅਧੀਨ ਚੱਲਦੇ ਸਥਾਨਕ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਦੀ ਅਗਵਾਈ ਹੇਠ ਯਾਦਵਿੰਦਰਾ ਇੰਜੀਨੀਅਰਿੰਗ ਵਿਭਾਗ ਅਤੇ ਯਾਦਵਿੰਦਰਾ ਸਾਇੰਸਜ਼ ਵਿਭਾਗ ਵਲੋਂ ਸਕੂਲੀ ਵਿਦਿਆਰਥੀਆਂ ਅੰਦਰ ਵਿਗਿਆਨ ਪ੍ਰਤੀ ਰੁਚੀ ਅਤੇ ਵਿਗਿਆਨਿਕ ਦ੍ਰਿਸ਼ਟੀਕੋਣ ਵਿਕਸਿਤ ਕਰਨ ਦੇ ਮੰਤਵ ਨਾਲ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਕੌਮੀ ਵਿਗਿਆਨ ਦਿਵਸ ਨੂੰ ਸਮਰਪਿਤ 'ਪੰਜਾਬੀ ਯੂਨੀਵਰਸਿਟੀ ਜੂਨੀਅਰ ਸਾਇੰਸ ਸਟਾਰ' ਪ੍ਰਤੀਯੋਗਤਾ ਕਰਵਾਉਣ ਦੇ ਨਾਲ-ਨਾਲ ਸਾਇੰਸ ਮੇਲਾ 2022 ਲਗਾਇਆ ਗਿਆ। ਸਮਾਗਮ ਵਿਚ ਪੰਜਾਬੀ ਯੂਨੀਵਰਸਿਟੀ ਦੇ ਉਪ ਕੁਲਪਤੀ ਪ੍ਰੋ.ਅਰਵਿੰਦ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਕੈਂਪਸ ਪ੍ਰਬੰਧਕਾਂ ਵਲੋਂ ਜਾਰੀ ਪ੍ਰੈੱਸ ਬਿਆਨ ਮੁਤਾਬਿਕ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਲਈ ਪਿੰਡਾਂ ਦੇ ਸਰਕਾਰੀ ਸਕੂਲਾਂ ਦੇ ਦਸਵੀਂ ਕਲਾਸ ਵਿਚ ਪੜਦੇ 776 ਵਿਦਿਆਰਥੀਆਂ ਨੇ ਰਜਿਸਟ੍ਰੇਸ਼ਨ ਕਰਵਾਈ ਜਿਨ੍ਹਾਂ ਵਿਚੋਂ 617 ਵਿਦਿਆਰਥੀਆਂ ਨੇ ਇਮਤਿਹਾਨ ਦਿੱਤਾ। ਹਰਮਨਪ੍ਰੀਤ ਸਿੰਘ, ਸਰਕਾਰੀ ਸੀਨੀ:ਸੈਕੰ: ਸਕੂਲ ਬੱਲੂਆਣਾ ਨੇ ਪਹਿਲਾ ਸਥਾਨ ਹਾਸਲ ਕਰਕੇ 5100/- ਰੁਪਏ ਦੀ ਨਗਦ ਇਨਾਮੀ ਰਾਸ਼ੀ ਪ੍ਰਾਪਤ ਕੀਤੀ। ਦੂਜੀ ਅਤੇ ਤੀਜਾ ਸਥਾਨ ਕ੍ਰਮਵਾਰ ਨਾਜ਼ੀਆ, ਸ.ਸ.ਸ.ਸ. ਬਾਜੇਵਾਲਾ ਅਤੇ ਖੁਸ਼ਮੀਤ ਸ.ਸ.ਸ.ਸ. ਜੋਧਪੁਰ ਰੋਮਾਣਾ ਨੇ ਪ੍ਰਾਪਤ ਕਰਦਿਆਂ ਕ੍ਰਮਵਾਰ 3100/- ਰੁਪਏ ਅਤੇ 2100/- ਰੁਪਏ ਦਾ ਨਗਦ ਇਨਾਮ ਹਾਸਿਲ ਕੀਤਾ। ਇਨ੍ਹਾਂ ਤੋਂ ਇਲਾਵਾ ਅਗਲੀਆਂ 17 ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਨਗਦ ਇਨਾਮ ਦਿੱਤਾ ਗਿਆ। ਸਾਇੰਸ ਮੇਲੇ ਵਿਚ ਲਗਭਗ 106 ਦੇ ਕਰੀਬ ਵਿਦਿਆਰਥੀਆਂ ਨੇ ਆਪਣੇ ਸਾਇੰਸ ਮਾਡਲਾਂ ਦੀ ਪ੍ਰਦਰਸ਼ਨੀ ਲਗਾਈ। ਸਾਇੰਸ ਮੇਲੇ ਵਿਚ ਪਹਿਲਾ ਸਥਾਨ ਮਹਿਕਦੀਪ ਕੌਰ ਸ.ਹ.ਸ. ਖਿਆਲੀਵਾਲਾ, ਦੂਜਾ ਸਥਾਨ ਦੀਪ ਕੌਰ ਅਤੇ ਸਿਮਰਜੀਤ ਕੌਰ ਸ.ਸ.ਸ.ਸ. ਘੁੱਦਾ ਅਤੇ ਤੀਜਾ ਸਥਾਨ ਗਮਨਜੀਤ ਕੌਰ ਅਤੇ ਰਮਨਦੀਪ ਕੌਰ ਸ.ਹ.ਸ. ਜੱਜਲ ਨੇ ਹਾਸਲ ਕੀਤਾ ਜਿਨ੍ਹਾਂ ਨੂੰ ਕ੍ਰਮਵਾਰ 3100/-, 2100/- ਅਤੇ 1100/- ਰੁਪਏ ਦਾ ਇਨਾਮ ਦਿੱਤਾ ਗਿਆ। ਇਨ੍ਹਾਂ ਸਮਾਗਮਾਂ ਦੇ ਇਨਾਮ ਵੰਡ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ ਪ੍ਰੋ. ਅਰਵਿੰਦ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ ਮਾਨਸਾ ਸੰਜੀਵ ਕੁਮਾਰ ਸ਼ਾਮਲ ਹੋਏ। ਪ੍ਰੋ.ਅਰਵਿੰਦ ਨੇ ਵਿਦਿਆਰਥੀਆਂ ਅਤੇ ਪ੍ਰਬੰਧਕਾਂ ਨੂੰ ਵਧਾਈ ਦਿੱਤੀ। ਸਾਰੇ ਸਾਇੰਸ ਮੇਲੇ ਵਿਚ ਮਾਡਲਾਂ ਦੇ ਨਿਰਣਾਇਕ ਵਜੋਂ ਡਿਊਟੀ ਡਾ. ਨੇਹਾ ਜਿੰਦਲ ਅਤੇ ਡਾ. ਪਰਮਜੀਤ ਕੌਰ ਨੇ ਨਿਭਾਈ। ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਮੁਖੀ ਡਿਸਟੈਂਸ ਐਜੂਕੇਸ਼ਨ ਵਿਭਾਗ ਡਾ. ਸਤਨਾਮ ਸਿੰਘ ਸੰਧੂ ਵਿਸ਼ੇਸ਼ ਤੌਰ 'ਤੇ ਹਾਜ਼ਰ ਰਹੇ।

ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਦੇ ਜੇਤੂਆਂ ਨੂੰ ਇਨਾਮ ਵੰਡਦੇ ਹੋਏ ਉਪ ਕੁਲਪਤੀ ਪ੍ਰੋ. ਅਰਵਿੰਦ।

ਅਜੀਤ ®©
03-Mar-2022
Page: 8
http://epaper.ajitjalandhar.com/edition/20220303/16/8.cms

*Science Fair (1st March 2022) : To inculcate Scientific Temperament, think Out of Box and provide "Hands on Experiment" to the budding scientist Science Fair is organised by YDoS Deparment*

















10 ਪੰਜਾਬ

ਇੱਕ ਨਜ਼ਰ

## ਗੁਰੂ ਕਾਸ਼ੀ ਕੈਂਪਸ ਵਿਖੇ ਪੰਜਾਬੀ ਯੂਨੀਵਰਸਿਟੀ ਵੱਲੋਂ ਕਿਤਾਬ ਘਰ ਅਤੇ ਡਿਸਟੈਂਸ ਐਜੂਕੇਸ਼ਨ ਵਿਭਾਗ ਦਾ ਸਹਾਇਤਾ ਕੇਂਦਰ ਸਥਾਪਿਤ

### ਕੈਂਪਸ ਵਿੱਚ ਲਗਾਏ ਸਾਇੰਸ ਮੇਲੇ ਵਿੱਚ ਯੂਨਵਰਸਿਟੀ ਦੇ ਉਪ ਕੁਲਪਤੀ ਪ੍ਰੋ .ਅਰਵਿੰਦ ਨੇ ਕੀਤੀ ਸ਼ਮੂਲੀਅਤ

ਤਲਵੰਡੀ ਸਾਬੋ, 1 ਮਾਰਚ (ਗੁਰਜੰਟ ਸਿੰਘ ਨਥੇਹਾ)– ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਉੱਚ ਵਿੱਦਿਆ ਨੂੰ ਸਥਾਨਕ ਪੱਧਰ ਤੇ ਉਪਲੱਬਧ ਕਰਵਾਉਣ ਦੇ ਮਕਸਦ ਨਾਲ ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ ਤਲਵੰਡੀ ਸਾਬੋ ਵਿਖੇ ਵਿਸ਼ੇਸ਼ ਉਪਰਾਲੇ ਕੀਤੇ ਜਾ ਰਹੇ ਹਨ। ਇਸ ਮਕਸਦ ਦੀ ਪੂਰਤੀ ਲਈ ਅੱਜ ਕੈਂਪਸ ਵਿੱਚ ਪੰਜਾਬੀ ਯੂਨੀਵਰਸਿਟੀ ਪਬਲੀਕੇਸ਼ਨ ਬਿਊਰੋ ਦਾ ਕਿਤਾਬ ਘਰ ਅਤੇ ਡਿਸਟੈਂਸ ਐਜੂਕੇਸ਼ਨ ਵਿਭਾਗ ਦੇ ਸਹਾਇਤਾ ਕੇਂਦਰ ਦੇ ਉਦਘਾਟਨੀ ਸਮਾਰੋਹ ਵਿੱਚ ਪ੍ਰੋ. ਅਰਵਿੰਦ ਉਪ ਕੁਲਪਤੀ ਪੰਜਾਬੀ ਯੂਨੀਵਰਸਿਟੀ ਪਟਿਆਲਾ, ਡਾ. ਸਤਨਾਮ ਸਿੰਘ ਸੰਧੂ ਮੁਖੀ ਡਿਸਟੈਂਸ ਐਜੂਕੇਸ਼ਨ ਵਿਭਾਗ ਪੰਜਾਬੀ ਯੂਨੀਵਰਸਿਟੀ ਪਟਿਆਲਾ, ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦੇ ਡਾਇਰੈਕਟਰ ਡਾ. ਜਸਬੀਰ ਸਿੰਘ ਹੁੰਦਲ ਨੇ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਕੈਂਪਸ ਪ੍ਰਬੰਧਕਾਂ ਵੱਲੋਂ ਜਾਰੀ ਪ੍ਰੈੱਸ ਬਿਆਨ ਰਾਹੀਂ ਦੱਸਿਆ ਗਿਆ ਕਿ ਪੰਜਾਬੀ ਯੂਨੀਵਰਸਿਟੀ ਵੱਲੋਂ ਮਾਲਵਾ ਖੇਤਰ ਦੇ ਵਿੱਦਿਅਕ ਮਿਆਰ ਨੂੰ ਉੱਚਾ ਚੁੱਕਣ ਲਈ ਇਹ ਕਦਮ ਚੁੱਕਿਆ ਗਿਆ। ਇਸਦੇ ਨਾਲ ਹੀ ਗੁਰੂ ਕਾਸ਼ੀ ਕੈਂਪਸ ਵਿਖੇ ਵਿਦਿਆਰਥੀਆਂ ਵਿੱਚ ਸਾਇੰਸ ਵਿਸ਼ੇ ਦੀ ਚੇਤਨਾ ਨੂੰ ਉਜਾਗਰ ਕਰਨ ਲਈ ਜੂਨੀਅਰ ਸਾਇੰਸ ਸਟਾਰ ਪ੍ਰਤੀਯੋਗਤਾ ਪ੍ਰੋਗਰਾਮ ਉਲੀਕਿਆ ਗਿਆ ਅਤੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਕਰਨ ਲਈ ਸਾਇੰਸ ਪ੍ਰਦਰਸ਼ਨੀ ਵੀ ਲਗਾਈ ਗਈ ਤਾਂ ਜੋ ਉਨ੍ਹਾਂ ਦੀ ਅੰਦਰੂਨੀ ਕਾਬਲੀਅਤ ਨੂੰ ਉਭਾਰਿਆ ਜਾ ਸਕੇ।ਸਾਇੰਸ ਪ੍ਰਦਰਸ਼ਨੀ ਵਿੱਚ ਉਪ ਕੁਲਪਤੀ ਪ੍ਰੋ.ਅਰਵਿੰਦ ਨੇ ਸਕੂਲੀ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਿਤ ਮਾਡਲਾਂ ਨੂੰ ਦੇਖਦਿਆਂ ਬੱਚਿਆਂ ਨਾਲ ਗੱਲਬਾਤ ਕੀਤੀ। ਇਸ ਪ੍ਰਤੀਯੋਗਤਾ ਵਿਚ ਅੱਠ ਸੌ ਦੇ ਕਰੀਬ ਵਿਦਿਆਰਥੀ ਅਤੇ ਉਨ੍ਹਾਂ ਦੇ ਮਾਤਾ-ਪਿਤਾ ਵੀ ਸ਼ਾਮਲ ਹੋਏ।ਵਿਦਿਆਰਥੀਆਂ ਦੇ ਅੰਦਰ ਪੜ੍ਹਾਈ ਪ੍ਰਤੀ ਚੇਟਕ ਲਗਾਉਣ ਲਈ ਪੁਸਤਕ ਪ੍ਰਦਰਸ਼ਨੀ ਦਾ ਆਯੋਜਨ ਵੀ ਕੀਤਾ ਗਿਆ। ਇਸਦੇ ਨਾਲ ਹੀ ਵਿਦਿਆਰਥੀਆਂ ਦੀਆਂ ਸਾਹਿਤਕ ਅਤੇ ਰਚਨਾਤਮਿਕ ਰੁਚੀਆਂ ਪੈਦਾ ਕਰਨ ਲਈ ਕੰਧ ਪੱਤ੍ਰਿਕਾ ਦੀ ਸ਼ੁਰੂਆਤ ਕੀਤੀ ਗਈ ਤਾਂ ਜੋ ਵਿਦਿਆਰਥੀਆਂ ਅੰਦਰ ਰਚਨਾਤਮਿਕ ਕਲਾਵਾਂ ਨੂੰ ਭਰਵਾਂ ਹੁੰਗਾਰਾ ਮਿਲ ਸਕੇ। ਇਸ ਮੌਕੇ ਗੁਰੂ ਕਾਸ਼ੀ ਭਾਸ਼ਾਵਾਂ ਵਿਭਾਗ ਦੇ ਮੁਖੀ ਡਾ. ਸੁਸ਼ੀਲ ਕੁਮਾਰ ਵੱਲੋਂ ਪੁਸਤਕ ਘਰ ਅਤੇ ਸਹਾਇਤਾ ਕੇਂਦਰ ਸਥਾਪਿਤ ਕਰਨ ਤੇ ਪ੍ਰੋ ਅਰਵਿੰਦ ਅਤੇ ਡਾ. ਸਤਨਾਮ ਸਿੰਘ ਸੰਧੂ ਦਾ ਧੰਨਵਾਦ ਕੀਤਾ ਗਿਆ। ਪ੍ਰਦਰਸ਼ਨੀ ਮੌਕੇ ਡਾਇਰੈਕਟਰ ਡਾ. ਹੁੰਦਲ ਤੋਂ ਇਲਾਵਾ ਪ੍ਰੋ. ਜਗਤਾਰ ਸਿੰਘ, ਡਾ.ਆਨੰਦ ਬਾਂਸਲ, ਡਾ.ਹਜ਼ੂਰ ਸਿੰਘ, ਪ੍ਰੋ. ਲਖਵੀਰ ਸਿੰਘ ਮੌਜੂਦ ਸਨ।

ਆਵਾਜ਼ਿ ਕੌਮ AWAZE QAUM International Newspaper & WEB TV

*Expert lecture* : *Dr. Vikasdeep and Dr. Gurvinder Singh both from the Department of Business Studies Punjabi University Campus Talwandi Sabo delivered the expert talk on the topic "Covid-19 Crisis-Impact on Indian Economy".*











